Admission Open

English/Punjabi Medium

ਈ-ਪੰਜਾਬ ਸਕੂਲ

ਸਕੂਲ ਸਿੱਖਿਆ ਵਿਭਾਗ ਪੰਜਾਬ

6TH TO 12TH

ARTS GROUP

# E-PROSPECTUS

## (2022-23)




# Government Sen. Sec. Smart School

## Bhilowal Pacca (Amritsar)



**Sh. Jugraj Singh**
**D.E.O (S.E) Amritsar**

EACH ONE

BRING ONE



**Smt. Sarabjit Kaur**
**Principal**
**G.S.S.S Bhillowal Pacca (Asr.)**

School website : https://gsbhilowalpacca.cf/

Like us on Facebook: **Fb.com/gssssbhillowalpacca**

Contact: **95015-26016**

# Contents

Message 3

**ਸੰਦੇਸ਼** 4

School 5

**School Activities** 7

- **Admission Drive** 7
- **Social Science fair** 8
- **Maths fair** 9
- **Sports** 10
- **Go Green Go Clean** 11
- **Science Fair** 12
- **Educational Trip To Science City** 13
- **Social Science Exhibition** 14
- **Social Studies Corner** 15
- **Computer Lab** 16
- **English Linguistics Lab** 16
- **ENGLISH BOOSTER CLUB** 17
- **ECO CLUB** 18
- **Buddy Groups** 19
- **Mashaal Career Guidance Cell** 20
- **Career Guidance Activities** 21
- **ਸਹਿਯੋਗ** 22
- **GSSS Bhillowal Pacca@media** 23
- **OUR STAFF** 25
- **School Website** 26
- **Teacher Fest Award Winner Block & District Level** 26
- **For Admission related Inquiry, Call us at Mobile Number:** 27

# Message

It is my proud privilege to warmly welcome you into the portal of this learning environment, **"The Government Senior Sec. Smart School Bhillowal Pacca (Amritsar)."** Our school is dedicated to develop all round development of the child. We help the students to pursue their interests and strengths to the best of their ability. We skill them and train them so that they may merge into the society, building a strong generation for a better world tomorrow through dynamic education.

Our curriculum and co-curricular activities offerings aim towards growth of our students.

We are committed to work with parents to nurture the child who possesses love for nation, society and community and family values.

We at our desk welcome your ideas, thoughts and concerns.

We have made this possible by strong partnership between school, staff and parents. I hope that our first **E-Prospectus** will assist in this Endeavour.



**Principal**
**Smt. Sarabjit Kaur**
**(M.Sc Physics ,B.Ed)**

# ਸੰਦੇਸ਼

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭੀਲੋਵਾਲ ਪੱਕਾ , ਅੰਮ੍ਰਿਤਸਰ ਨੇ ਜਿਲ੍ਹੇ ਦੇ ਸਰਹੱਦੀ ਅਤੇ ਪੱਛੜੇ ਖੇਤਰ ਦੇ ਵਿਦਿਆਰਥੀਆਂ ਨੂੰ ਲੰਬੇ ਸਮੇਂ ਤੋਂ ਸਿੱਖਿਆ ਮੁਹੱਈਆ ਕਰਵਾਕੇ ਅਹਿਮ ਪ੍ਰਾਪਤੀਆਂ ਕੀਤੀਆਂ ਹਨ। ਮੈਨੂੰ ਸੁਭਾਗ ਪ੍ਰਾਪਤ ਹੋਇਆ ਹੈ ਕਿ ਮੈਂ ਇਸ ਪਿੰਡ ਦਾ ਜੰਮਪਲ ਹੋਣ ਅਤੇ ਇਸ ਸਕੂਲ ਵਿੱਚੋਂ ਵਿੱਦਿਆ ਪ੍ਾਪਤ ਕਰਨ ਉਪਰੰਤ ਮੈਨੂੰ ਇਸ ਸਕੂਲ ਵਿੱਚ ਬਤੌਰ ਮੈਥ ਮਾਸਟਰ ਅਤੇ ਸਕੂਲ ਇੰਚਾਰਜ ਵਜੋਂ ਸੇਵਾਵਾਂ ਨਿਭਾਉਂਣ ਦਾ ਮੌਕਾ ਮਿਲਿਆ ਹੈ।

ਇਸ ਪਿੰਡ ਦੇ ਜੰਮਪਲ ਸ੍ਰੀ ਓਮ ਪ੍ਰਕਾਸ਼ ਸੋਨੀ ਜੀ ਇਸ ਸਕੂਲ ਵਿੱਚੋਂ ਵਿੱਦਿਆ ਹਾਸਲ ਕਰਕੇ ਸਿੱਖਿਆ ਮੰਤਰੀ ਦੇ ਅਹੁਦੇ ਤੱਕ ਪਹੁੰਚੇ ਹਨ, ਦਾ ਇਸ ਸਕੂਲ ਨੂੰ ਅਪਗ੍ਰੇਡ ਕਰਵਾਉਣ ਅਤੇ ਸਮਾਰਟ ਸਕੂਲ ਦਾ ਦਰਜਾ ਦਿਵਾਉਣ ਵਿੱਚ ਵਿਸ਼ੇਸ ਸਹਿਯੋਗ ਰਿਹਾ।

ਮੇਰੀ ਇਹ ਖਾਹਿਸ ਹੈ ਕਿ ਸਾਡਾ ਸਕੂਲ ਸਿੱਖਿਆ ਦੇ ਖੇਤਰ ਵਿੱਚ ਬੁਲੰਦੀਆਂ ਹਾਸਿਲ ਕਰੇ।



**ਸ੍ਰੀ ਮਨੀਸ਼ ਕੁਮਾਰ**

**ਮੈਥ ਮਾਸਟਰ**

**(M.Sc Maths , B.Ed)**

# School


ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
SENIOR SECONDARY
SMART SCHOOL


TIPS OF BEING A GOOD STUDENT
I'm the best.
I can do it.
God is always with me.
I'm the Winner.
Today is my day.
Develop self discipline.
Always attend class.
Pay attention in class.
Set your self goals.


INDIA


ਆਈ.ਸੀ.ਟੀ.ਲੈਬ

ਸਮਾਰਟ
ਕਲਾਸ ਰੂਮ

SAVE GIRL CHILD

ਸਾਇੰਸ ਲੈਬ

SAVE TREE

ਭੀਲੋਵਾਲ ਪੱਕਾ ਅੰਮ੍ਰਿਤਸਰ
SCIENCE LAB

# School Activities



Admission Drive




## Social Science fair


FRACTION
FAMOUS INDIAN MATHE MATICIANS
Sri Niwas Ramanujan
Aryabhatta
Brahma Gupta
ਗਣਿਤ ਮੇਲਾ
All Shapes

**Maths fair**



## Sports Activities





**Go Green Go Clean**




## Science Fair












# Educational Trip To Science City




## Social Science Exhibition




**Social Studies Corner**



## Computer Lab




## English Linguistics Lab




**ENGLISH BOOSTER CLUB**







## ECO CLUB




## Buddy Groups

# Guidance And Counseling

## Department of School Education, Punjab

**Mashaal** is a project to introduce **psychological counseling** for students facing personal problems and scholastic challenges and impart **career guidance** to assist students in making informed educational and occupational choices.




With the help of **Punjab Career Portal** students will be able to get information on Careers, Colleges, Professional Courses, Vocational Courses, entrance exams and Scholarship opportunities.



### Mashaal School Guidance Cell

| | |
|---|---|
| Principal /Head Name with Mobile Number | Smt. Sarbjit Kaur (M) 95010-26016 |
| School Counselor name and Mobile Number | Sh. Gurmeet Singh (M) 93175-12314<br>Smt. Shivani Dhawan (M) 84275-13377 |
| School Co-Counselor name and Mobile Number | Sh. Bikramjit Singh (M) 84275-99199 |
| School Head Boy | Boota Singh |
| School Head Girl | Anureet Kaur |
| **Mashaal Website: mashaal.ssapunjab.org** | **Punjab Career Portal: punjabcareerportal.com** |

**Email id:** mashaalpunjab@gmail.com

# Mashaal Career Guidance Cell



**Career Guidance Activities**

# <u>ਸਹਿਯੋਗ</u>




ਜੀ ਆਇਆਂ ਨੂੰ
ਸ੍ਰੀ ਓਮ ਪ੍ਰਕਾਸ਼ ਸੋਨੀ
ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ, ਪੰਜਾਬ
ਵੱਲੋਂ : ਪ੍ਰਿੰਸੀਪਲ ਅਤੇ ਸਮੂਹ ਸਟਾਫ
ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
ਭੀਲੋਵਾਲ ਪੱਕਾ, ਅੰਮ੍ਰਿਤਸਰ



# GSSS Bhillowal Pacca@media

## ਕੈਬਨਿਟ ਮੰਤਰੀ ਓ .ਪੀ ਸੋਨੀ ਨੇ ਸਮਰਾਟ ਸਕੂਲ ਭੀਲੋਵਾਲ ਪੱਕਾ 'ਚ ਕਮਰਿਆਂ ਦਾ ਨੀਂਹ ਪੱਥਰ ਰਖਿਆ



ਸਰਕਾਰੀ ਸਮਰਾਟ ਸਕੂਲ ਭੀਲੋਵਾਲ ਪੱਕਾ ਕਮਰਿਆ ਦਾ ਨੀਂਹ ਪੱਥਰ ਰੱਖਦੇ ਹੋਏ ਨਾਲ ਅਧਿਆਪਕ ਮੁਨੀਸ਼ ਕੁਮਾਰ, ਸੁਖਵਿੰਦਰ ਭਸੀਨ, ਸੂਬਾ ਭਸੀਨ ਤੇ ਹੋਰ।

ਚੋਗਾਵਾਂ, 16 ਮਾਰਚ (ਜਗਤਾਰ ਮਾਹਲਾ) : ਕੈਬਨਿਟ ਮੰਤਰੀ ਸੋਨੀ ਨੇ ਆਪਣੇ ਜੱਦੀ ਪਿੰਡ ਭੀਲੋਵਾਲ ਪੱਕਾ ਵਿਖੇ ਸਰਕਾਰੀ ਸੀਨੀਅਰ ਸਕੈਂਡਰੀ ਸਮਰਾਟ ਸਕੂਲ 'ਚ ੨੦ ਲੱਖ ਦੀ ਲਾਗਤ ਨਾਲ ਤਿਆਰ ਕਮਰਿਆ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਪਿਛਲੀ ਸਰਕਾਰ ਵੱਲੋਂ ਇਸ ਬਾਰਡਰ ਬੈਲਟ ਦੇ ਏਰੀਆ ਵਿੱਚ ਸਿੱਖਿਆ ਦਾ ਮਿਆਰ ਕਾਫੀ ਹੇਠਾ ਸੀ ਇੱਥੇ ਦੇ ਸਕੂਲਾ ਵਿਆਰਥੀਆ ਨੂੰ ਉਹ ਸਹੂਲਤਾ ਨਹੀ ਮਿਲ ਰਹੀਆ ਜਿਨ੍ਹਾ ਦੀ ਜਰੂਰਤ ਚੰਗੀ ਸਿੱਖਿਆ ਲੈਣ ਵੱਲ ਜਰੂਰਤ ਹੁੰਦੀ ਹੈ। ਪਰ ਜਦੋ ਦੀ ਕੈਪਟਨ ਅਮਰਿੰਦਰ ਦੀ ਅਗਵਾਹੀ ਵਿੱਚ ਕਾਂਗਰਸ ਦੀ ਸਰਕਾਰ ਬਣੀ ਹੈ ਉਦੋ ਤੋਂ ਪੰਜਾਬ ਸਰਕਾਰ ਸਿੱਖਿਆ ਦੇ ਮਿਆਰ ਨੂੰ ਉਚਾ ਚੁੱਕਿਆ ਤੇ ਤੇ ਬਾਰਡਰ ਬੈਲਟ ਦੇ ਬਹੁਤ ਸਾਰੇ ਸਕੂਲਾ ਨੂੰ ਅਪਗ੍ਰੇਡ ਕਰਕੇ ਬਹੁਤ ਸਾਰੇ ਸਕੂਲਾ ਨੂੰ ਸਮਰਾਟ ਸਕੂਲ ਬਣਾਇਆ ਤੇ ਇੱਥੇ ਦੇ ਵਿਦਿਆਰਥੀਆ ਨੂੰ ਸਭ ਸੁੱਖ ਸਹੂਲਤਾ ਮੁਹਾਈਆ ਕਰਵਾਈਆ ਉਨ੍ਹਾ ਕਿ ਸਾਡੀ ਸਰਕਾਰ ਦਾ ਇਹੀ ਟੀਚਾ ਹੈ ਕਿ ਹੈ ਆਉਣ ਵਾਲੇ ਦਿਨਾ ਪੰਜਾਬ ਨੂੰ ਸਿੱਖਿਆ ਪੱਖ ਇੱਕ ਨੰਬਰ ਸੂਬਾ ਬਣਾਇਆ ਜਾਵੇ।

ਇਸ ਮਗਰੋ ਕੈਬਨਿਟ ਮੰਤਰੀ ਬਾਵਾ ਨਾਗਾ ਮੰਦਰ ਵਿਖੇ ਨਤਮਸਤਕ ਹੋਏ ਤੇ ਉਥੇ ਦੀ ਇਮਾਰਤ ਵਸਤੇ ਉਨ੍ਹਾਂ ਨੇ ਪੰਚਾਇਤ ਨੂੰ ੫ ਲੱਖ ਦਾ ਚੈੱਕ ਦਿੱਤਾ।ਇਸ ਮੌਕੇ ਜਿਲਾ ਸਿੱਖਿਆ ਅਫਸਰ ਸਲਵਿੰਦਰ ਸਿਘ ਸਮਰਾ, ਪ੍ਰਿੰਸੀਪਾਲ ਮੁਨੀਸ਼ ਕੁਮਾਰ, ਰਾਘਵ ਸੋਨੀ, ਕਾਬਲ ਸਿਘ ਮੁੱਖ ਅਧਿਆਪਕ, ਸਰਪੰਚ ਗੁਰਮੀਤ ਕੌਰ, ਸੁਭਦੀਪ ਸਿਘ, ਸੁਖਦੇਵ ਸਿਘ, ਗੁਰਮੀਤ ਸਿਘ, ਗੁਰਜੀਤ ਸਿਘ, ਲਖਬੀਰ ਸਿਘ, ਰਜਨਿੰਦਰ ਕੌਰ, ਦੀਪਕਾ, ਰਜਨੀਸ਼, ਜਸਬੀਰ ਕੌਰ, ਸੁਖਵਿੰਦਰ ਕੌਰ, ਪਵਨਦੀਪ ਕੌਰ, ਬਿਕਰਮਜੀਤ ਸਿਘ, ਪ੍ਰਧਾਨ ਅਸ਼ੋਕ ਸੋਨੀ, ਸੁਖਵਿੰਦਰ ਭਸੀਨ, ਰਾਜ ਕੁਮਾਰ, ਵਿਪਨ ਕੁਮਾਰ, ਆਦਿ ਵੱਡੀ ਗਿਣਤੀ ਵਿੱਚ ਹਾਜਰ ਸਨ।

ਰੋਜ਼ਾਨਾ ਸਪੋਕਸਮੈਨ



ਸਰਹੱਦੀ ਪਿੰਡ ਭੀਲੋਵਾਲ ਪੱਕਾ ਤੇ ਡੱਗ ਸਕੂਲ ਦੇ ਵਧਾਏ ਗਏ ਦਰਜੇ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਮੁਖ ਅਧਿਆਪਕ ਮੁਨੀਸ਼ ਕੁਮਾਰ ਨਾਲ ਮਾ: ਕਾਬਲ ਸਿੰਘ ਸੰਧੂ ਤੇ ਸਮੂਹ ਸਕੂਲ ਸਟਾਫ। ਤਸਵੀਰ: ਗੁਰਵਿੰਦਰ ਸਿੰਘ ਕਲਸੀ

## ਬਲਾਕ ਚੌਗਾਵਾਂ ਦੇ ਦੋ ਸਰਹੱਦੀ ਪਿੰਡਾਂ ਦੇ ਸਕੂਲਾਂ ਦੇ ਦਰਜੇ ਵਧਾਏ

ਲੋਪੋਕੇ, 3 ਦਸੰਬਰ (ਗੁਰਵਿੰਦਰ ਸਿੰਘ ਕਲਸੀ)-ਪੰਜਾਬ ਸਰਕਾਰ ਵਲੋਂ ਸਰਹੱਦੀ ਇਲਾਕੇ 'ਚ ਵਧੀਆ ਸਿੱਖਿਆ ਪ੍ਰਣਾਲੀ ਤਹਿਤ ਤੇ ਗ਼ਰੀਬ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਈ ਨਾਲ ਜੋੜਣ ਦੇ ਮਕਸਦ ਅਧੀਨ ਕੈਬਨਿਟ ਮੰਤਰੀ ਪੰਜਾਬ ਓਮ ਪ੍ਰਕਾਸ਼ ਸੋਨੀ ਦੇ ਵਿਸ਼ੇਸ਼ ਯਤਨਾਂ ਸਦਕਾ ਜ਼ਿਲ੍ਹਾ ਅੰਮ੍ਰਿਤਸਰ ਬਲਾਕ ਚੌਗਾਵਾਂ ਦੇ ਸਰਹੱਦੀ ਇਲਾਕੇ ਦੇ ਪਿੰਡ ਭੀਲੋਵਾਲ ਪੱਕਾ ਤੇ ਪਿੰਡ ਡੱਗ ਦੇ ਸਕੂਲਾਂ ਦੇ ਦਰਜੇ ਭੀਲੋਵਾਲ ਪੱਕਾ ਦੇ ਸਕੂਲ ਨੂੰ ਬਾਰ੍ਹਵੀਂ ਤੱਕ ਤੇ ਡੱਗ ਮਿਡਲ ਸਕੂਲ ਦਾ ਦਰਜਾ ਵਧਾ ਕੇ 10ਵੀਂ ਤੱਕ ਕੀਤਾ ਗਿਆ। ਇਸ ਸਬੰਧੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭੀਲੋਵਾਲ ਪੱਕਾ ਦੇ ਮੁੱਖ ਅਧਿਆਪਕ ਮੁਨੀਸ਼ ਕੁਮਾਰ, ਮਾ: ਕਾਬਲ ਸਿੰਘ ਸੰਧੂ ਨੇ ਦੱਸਿਆ ਕਿ ਸਰਹੱਦੀ ਇਲਾਕਾ ਹੋਣ ਕਾਰਨ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਬੱਚਿਆ ਨੂੰ ਦੂਰ ਦੁਰਾਡੇ ਜਾਣਾ ਪੈਂਦਾ ਸੀ। ਜਿਸ ਕਾਰਨ ਕਈ ਬੱਚੇ ਉਚੇਰੀ ਸਿੱਖਿਆ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਸਨ। ਹੁਣ ਸਕੂਲ ਦਾ ਦਰਜਾ ਵਧਣ ਨਾਲ ਪਿੰਡ ਵਾਸੀਆਂ ਨੂੰ ਬਹੁਤ ਵੱਡੀ ਸਹੂਲਤ ਮਿਲੀ ਹੈ। ਉਨ੍ਹਾਂ ਕਿਹਾ ਕਿ 2020 ਸੈਸ਼ਨ 'ਚ 11ਵੀਂ ਅਤੇ 12ਵੀਂ ਦੀਆਂ ਕਲਾਸਾਂ ਚਾਲੂ ਹੋ ਰਹੀਆਂ ਹਨ। ਉਨ੍ਹਾਂ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਚੇਰੀ ਸਿੱਖਿਆ ਆਪਣੇ ਬੱਚਿਆਂ ਨੂੰ ਦਿਵਾਉਣ ਲਈ ਇਸ ਸਕੂਲ ਦਾ ਵੱਧ ਤੋਂ ਵੱਧ ਫਾਇਦਾ ਲੈਣ। ਇਸ ਮੌਕੇ ਸਰਪੰਚ ਗੁਰਮੀਤ ਕੌਰ, ਪ੍ਰਮਜੀਤ ਸਿੰਘ, ਸੁਖਵਿੰਦਰ ਸਿੰਘ ਭਸੀਨਿਆ, ਮਾ: ਬਿਕਰਮਜੀਤ ਸਿੰਘ, ਮਾ: ਸ਼ੁਭਦੀਪ ਸਿੰਘ, ਮਾ: ਗੁਰਦੇਵ ਸਿੰਘ, ਮਾ: ਗੁਰਮੀਤ ਸਿੰਘ, ਸ੍ਰੀਮਤੀ ਪ੍ਰਦੀਪ ਵਰਮਾ, ਰਜਿੰਦਰ ਕੌਰ, ਰਜਨੀਸ਼ ਦੀਪਿਕਾ, ਰੇਨੂ ਬਾਲਾ, ਸੁਖਵਿੰਦਰ ਕੌਰ, ਗੁਰਜੀਤ ਸਿੰਘ ਆਦਿ ਹਾਜ਼ਰ ਸਨ।

ਅਜੀਤ

04-Dec-2019
Page: 14

http://epaper.ajitjalandhar.com/edition/20191204/6/14.cr



ਭੀਲੋਵਾਲ ਪੱਕਾ ਦੇ ਸਮਾਰਟ ਸਕੂਲ ਦੇ ਕਮਰਿਆਂ ਦਾ ਨੀਂਹ ਪੱਥਰ ਰੱਖਣ ਸਮੇਂ ਕੈਬਨਿਟ ਮੰਤਰੀ ਸੋਨੀ ਨਾਲ ਡੀ.ਈ.ਓ. ਸਮਰਾ, ਮੁਨੀਸ਼ ਕੁਮਾਰ, ਸੁਖਵਿੰਦਰ ਭਸੀਨ ਤੇ ਹੋਰ। ਤਸਵੀਰ : ਕਲਸੀ

## ਕੈਬਨਿਟ ਮੰਤਰੀ ਸੋਨੀ ਨੇ ਸਕੂਲ ਦੇ ਕਮਰਿਆਂ ਦਾ ਨੀਂਹ ਪੱਥਰ ਰੱਖਿਆ

ਲੋਪੋਕੇ, 17 ਮਾਰਚ (ਗੁਰਵਿੰਦਰ ਸਿੰਘ ਕਲਸੀ)-ਅੱਜ ਮੈਡੀਕਲ ਸਿੱਖਿਆ ਤੇ ਖੋਜ ਕੈਬਨਿਟ ਮੰਤਰੀ ਸ੍ਰੀ ਓਮ ਪ੍ਰਕਾਸ਼ ਸੋਨੀ ਨੇ ਆਪਣੇ ਜੱਦੀ ਪਿੰਡ ਭੀਲੋਵਾਲ ਪੱਕਾ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਮਰਾਟ ਸਕੂਲ 'ਚ 20 ਲੱਖ ਦੀ ਲਾਗਤ ਨਾਲ ਤਿਆਰ ਕਮਰਿਆਂ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਸਕੂਲ ਵਿਚ ਪਹੁੰਚਣ 'ਤੇ ਮੁੱਖ ਅਧਿਆਪਕ ਮੁਨੀਸ਼ ਕੁਮਾਰ ਤੇ ਸਮੂਹ ਸਕੂਲ ਸਟਾਫ ਵਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਕੈਬਨਿਟ ਮੰਤਰੀ ਸੋਨੀ ਨੇ ਸ੍ਰੀ ਬਾਵਾ ਨਾਂਗਾ ਮੰਦਰ ਵਿਖੇ ਪਹੁੰਚ ਕੇ ਨਤਮਸਤਕ ਹੋਏ ਤੇ ਮੰਦਰ ਦੇ ਲੰਗਰ ਹਾਲ ਦੀ ਉਸਾਰੀ ਲਈ ਉਨ੍ਹਾਂ ਨੇ ਪਿੰਡ ਦੀ ਪੰਚਾਇਤ ਨੂੰ 5 ਲੱਖ ਦਾ ਚੈੱਕ ਭੇਟ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਸਲਵਿੰਦਰ ਸਿੰਘ ਸਮਰਾ, ਪ੍ਰਿੰਸੀਪਲ ਮੁਨੀਸ਼ ਕੁਮਾਰ, ਰਾਘਵ ਸੋਨੀ, ਕਾਬਲ ਸਿੰਘ ਸੰਧੂ ਮੁੱਖ ਅਧਿਆਪਕ, ਸਰਪੰਚ ਗੁਰਮੀਤ ਕੌਰ, ਸੁਭਦੀਪ ਸਿੰਘ, ਸੁਖਦੇਵ ਸਿੰਘ, ਗੁਰਮੀਤ ਸਿੰਘ, ਗੁਰਜੀਤ ਸਿੰਘ, ਲਖਬੀਰ ਸਿੰਘ, ਰਜਨਿੰਦਰ ਕੌਰ, ਦੀਪਕਾ, ਰਜਨੀਸ਼, ਜਸਬੀਰ ਕੌਰ, ਸੁਖਵਿੰਦਰ ਕੌਰ, ਪਵਨਦੀਪ ਕੌਰ, ਬਿਕਰਮਜੀਤ ਸਿੰਘ, ਪ੍ਰਧਾਨ ਅਸ਼ੋਕ ਸੋਨੀ, ਸੁਖਵਿੰਦਰ ਸਿੰਘ ਭਸੀਨੀਆ, ਰਾਜ ਕੁਮਾਰ, ਵਿਪਨ ਕੁਮਾਰ, ਸੂਬਾ ਭਸੀਨ, ਹਨੀ ਅਰੋੜਾ, ਅਵਤਾਰ ਸਿੰਘ, ਬਿਕਰਮਜੀਤ ਸਿੰਘ ਵੈਰੋਕੇ ਆਦਿ ਹਾਜ਼ਰ ਸਨ।

CMYK ਅੰਮ੍ਰਿਤਸਰ-V-B

ਅਜੀਤ

18-Mar-2020
Page: 14

020 www.deshpardeshtimes.com




## ਜ਼ਿਲ੍ਹਾ ਅੰਮ੍ਰਿਤਸਰ ਚ ਪੋਸਟਰ ਮੇਕਿੰਗ ਵਿੱਦਿਅਕ ਮੁਕਾਬਲੇ ਦੇ ਬਲਾਕ ਪੱਧਰੀ ਨਤੀਜੇ ਦਾ ਹੋਇਆ ਐਲਾਨ

ਅੰਮ੍ਰਿਤਸਰ, 1 ਅਕਤੂਬਰ (ਹਰਦੀਪ ਸਿੰਘ ਸਿੱਧੂ) - ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਜਨਮਦਿਨ ਨੂੰ ਸਮਰਪਿਤ ਵਿੱਦਿਅਕ ਮੁਕਾਬਲਿਆਂ ਦੀ ਲੜੀ ਵਿਚ ਪੋਸਟਰ ਮੇਕਿੰਗ ਮੁਕਾਬਲੇ ਦੇ ਬਲਾਕ ਪੱਧਰੀ ਨਤੀਜੇ ਦਾ ਐਲਾਨ ਹੋ ਗਿਆ ਹੈ। ਇਸ ਵਿਚ ਪੂਰੇ ਰਾਜ ਦੇ 23196 ਪ੍ਰਤੀਯੋਗੀਆਂ ਨੇ ਹਿਸਾ ਲਿਆ ਹੈ ,ਜਿਸ ਵਿਚ ਜਿਲ੍ਹਾ ਅੰਮ੍ਰਿਤਸਰ ਦੀ ਹਿੱਸੇਦਾਰੀ 1000 ਪ੍ਰਤਿਯੋਗੀ ਰਹੀ ਹੈ । ਇਹਨਾਂ ਵਿੱਚ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀ ਵੀ ਸ਼ਾਮਲ ਸਨ । ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਵਿਚੋਂ ਮਿਡਲ ਵਰਗ ਵਿਚ ਬੌਬੀ(ਲਛਮਣਸਰ)ਅਮ੍ਰਿਤਬੀਰ ਸਿੰਘ (ਅਟਾਰੀ)ਮਨਪ੍ਰੀਤ ਕੌਰ(ਕਿਲਾ ਜੀਵਨ ਸਿੰਘ) ਜਦਕਿ ਵਿਸ਼ੇਸ਼ ਲੋੜਾਂ ਵਾਲੇ ਸੀਨੀਯਰ ਵਰਗ ਵਿਚ ਜਿਲ੍ਹੇ ਵਿਚੋਂ ਇੱਕ ਮਾਤਰ ਪ੍ਰਤਿਯੋਗੀ ਸਰਕਾਰੀ ਸੀਨੀਯਰ ਸੈਕੰਡਰੀ ਸਕੂਲ ਬੱਲ ਕਲਾਂ ਦੀ ਪ੍ਰਤਿਯੋਗੀ ਸਿਮਰਨਜੀਤ ਕੌਰ ਚੁਣੀ ਗਈ ਹੈ । ਮਿਡਲ ਵਰਗ ਵਿਚ ਨਵਜੋਤ ਕੌਰ (ਚਮਿਆਰੀ )ਸੁਨੀਤਾ (ਗੁਰਾਲਾ)ਨਵਪ੍ਰੀਤ ਕੌਰ(ਮਾਹਣਾ ਸਿੰਘ ਰੋਡ)ਅਭਿਸ਼ੇਕ (ਪੰਡੋਰੀ) ਅੰਸ਼ (ਗੁਮਟਾਲਾ) ਨੰਦਿਨੀ (ਪੁਤਲੀਘਰ) ਮੁਸਕਾਨ (ਸ਼ਹੂਰਾਂ) ਰਵਿੰਦਰ ਸਿੰਘ(ਜੌਨਸ ਮੁਹਾਰ)ਹੁਸਨਪ੍ਰੀਤ ਕੌਰ(ਜੰਡਿਆਲਾ)ਮਨਪ੍ਰੀਤ ਕੌਰ(ਕਲੇਰ ਮਾਂਗਟ)ਪਲਕਪ੍ਰੀਤ ਕੌਰ (ਕੱਥੂਨੰਗਲ) ਦਿਸ਼ਾ (ਉਮਰਾਨੰਗਲ )ਰਾਜਬੀਰ ਕੌਰ(ਧੂਲਕਾ) ਪੂਜਾ (ਤਰਸਿੱਕਾ )ਮਹਿਕਪ੍ਰੀਤ ਕੌਰ (ਵੇਰਕਾ) ਨੇ ਵੱਖ ਵੱਖ ਬਲਾਕਾਂ ਵਿਚੋਂ ਪਹਿਲੀਆਂ ਪੁਜੀਸ਼ਨਾਂ ਹਾਂਸਲ ਕੀਤੀਆਂ ਹਨ । ਸੀਨੀਯਰ ਵਰਗ ਵਿਚ ਬਲਾਕ ਪੱਧਰ ਵਿਚ 13 ਪਹਿਲੀਆਂ ਪੁਜੀਸ਼ਨਾਂ ਕਢੀਆਂ ਗਈਆਂ ਹਨ..ਇਹਨਾਂ ਦੇ ਨਾਂ ਅਤੇ ਸਕੂਲ ਹਨ ਸਿ[illegible] ਸਾਂਗਾਂ)ਸੰਦੀਪ ਕੌਰ(ਗਗੋਮਾਹਲ) ਪ੍ਰੀਤੋ(ਕੋਟ ਬਾ[illegible] ਸਿੰਘ ਕੰਨਿਆਂ) ਸਮਰੀਨ ਕੌਰ(ਬੱਲ ਕਲਾਂ)ਸੋਨੀ [illegible]ਮਪੁਰਾ)ਲਵਪ੍ਰੀਤ ਸਿੰਘ(ਪੁਤਲੀਘਰ) ਗੁਰਸੇਵਕ ਸਿੰਘ (ਭੀਲੋਵਾਲ ਪੱਕਾ) ਪਲਕਪ੍ਰੀਤ ਕੌਰ(ਤਿਮੋਵਾਲ)ਜੁਗਰਾਜ ਸਿੰਘ(ਸੰਗਤਪੁਰਾ) ਸੰਗੀਤਾ (ਕੱਥੂਨੰਗਲ) ਰੁਪਾਲੀ (ਰਇਆ) ਨਵਨੀਤ ਕੌਰ(ਖਿਲਚੀਆਂ) ਅਤੇ ਸੰਜਨਾ(ਮਹਿਤਾ ਨੰਗਲ) ਹਨ ਜਿਲ੍ਹਾ ਸਿੱਖਿਆ ਅਫ਼ਸਰ ਸ੍ ਸਤਿੰਦਰਬੀਰ ਸਿੰਘ ਨੇ ਕਿਹਾ ਕਿ ਉਹਨਾਂ ਦੀ ਪੂਰੀ ਟੀਮ ਅਤੇ ਨੋਡਲ ਅਫਸਰ ਕੁਮਾਰੀ ਆਦਰਸ਼ ਸ਼ਰਮਾ ਬੇਹਦ ਮਿਹਨਤ ਨਾਲ ਇਹ ਕੰਮ ਨੇਪਰੇ ਚਾੜ ਰਹੀ ਹੈ ਅਤੇ ਬਾਕੀ ਰਹਿੰਦੀਆਂ ਪ੍ਰਤੀਯੋਗੀਤਾਵਾਂ ਵਿਚ ਵੀ ਇਹ ਟੀਮ ਇਸ ਊਰਜਾ ਨਾਲ ਕੰਮ ਕਰੇਗੀ। ਹੁਣ ਚਲ ਰਹੀ ਪੇਟਿੰਗ ਪ੍ਰਤੀਯੋਗੀਤਾ ਵਿਚ ਵੀ ਵਿਦਿਆਰਥੀ ਪੂਰੇ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ । ਹੁਣ ਚਲ ਰਹੀ ਪੇਟਿੰਗ ਪ੍ਰਤੀਯੋਗਿਤਾ ਵਿਚ ਵੀ ਵਿਦਿਆਰਥੀ ਵੱਧ ਚੜ ਕੇ ਹਿਸਾ ਲੈ ਰਹੇ ਹਨ ।

# ਸਰਕਾਰੀ ਹਾਈ ਸਮਾਰਟ ਸਕੂਲ ਭੀਲੋਵਾਲ ਪੱਕਾ ਵਿਖੇ ਲਗਾਇਆ ਕਿਤਾਬਾਂ ਦਾ ਲੰਗਰ



ਮਾਲਵਾ ਖ਼ਬਰਨਾਮਾ

ਸ੍ਰੀ ਅੰਮ੍ਰਿਤਸਰ ਸਾਹਿਬ, 1 ਅਗਸਤ (ਮਾਲਵਾ ਖਬਰਨਾਮਾ ਬਿਊਰੋ)- ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਰਕਾਰੀ ਹਾਈ ਸਮਾਰਟ ਸਕੂਲ ਭੀਲੋਂ ਵਾਲ ਪੱਕਾ ਵਿਖੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਅਤੇ ਉਨ੍ਹਾਂ ਨੂੰ ਆਪਣੇ ਵਿਰਸੇ ਦੇ ਨੇੜੇ ਲਿਆਉਣ ਲਈ ਕਿਤਾਬਾਂ ਦਾ ਲੰਗਰ ਲਗਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੂੰ ਵੱਧ ਤੋ ਵੱਧ ਲਾਇਬ੍ਰੇਰੀ ਕਿਤਾਬਾਂ ਲੈਣ ਅਤੇ ਪੜ੍ਹਨ ਲਈ ਪ੍ਰੇਰਿਤ ਕੀਤਾ ਗਿਆ। ਸਕੂਲ ਮੁਖੀ ਸ੍ਰੀ ਮਨੀਸ਼ ਮਹਿਤਾ ਨੇ ਦੱਸਿਆ ਕਿ ਸਿੱਖਿਆ ਵਿਭਾਗ ਪੰਜਾਬ ਦੁਆਰਾ 15 ਜੁਲਾਈ ਤੋਂ 15 ਅਗਸਤ ਤੱਕ ਚਲਾਈ ਜਾ ਰਹੀ ਪੁਸਤਕ ਲਹਿਰ ਤੇ ਸਕੂਲ ਸਟਾਫ ਦੁਆਰਾ ਵਿਦਿਆਰਥੀਆਂ ਨੂੰ ਆਪ ਕਿਤਾਬਾਂ ਪੜ੍ਹਨ ਦੀ ਰੁਚੀ ਪਾਉਣ ਦੀ ਪਿਰਤ ਤਹਿਤ ਬੱਚਿਆਂ ਨੂੰ ਵੱਧ ਵੱਧ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਇਸ ਮੌਕੇ ਸਕੂਲ ਲਾਇਬ੍ਰੇਰੀ ਇੰਚਾਰਜ ਸ੍ਰੀਮਤੀ ਜਸਵੀਰ ਕੌਰ ਨੇ ਵਿਦਿਆਰਥੀਆਂ ਨੂੰ ਆਪਣੀ ਰੁਚੀ ਅਨੁਸਾਰ ਕਿਤਾਬਾਂ ਚੁਣਨ ਬਾਰੇ ਦੱਸਿਆ ਵਿਦਿਆਰਥੀਆਂ ਨੂੰ ਸਾਹਿਤਕਾਰ ਅਧਿਆਪਕਾਂ ਅਤੇ ਹੋਰ ਨਾਮਵਰ ਲੇਖਕਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਲ ਹਰ ਬੱਚਾ ਸਕੂਲ ਵਿੱਚ ਮੌਜੂਦ ਹਰ ਕਿਤਾਬ ਬਾਰੇ ਜਾਣ ਸਕੇ। ਇਸ ਮੰਤਵ ਲਈ ਕਿਤਾਬਾਂ ਨੂੰ ਸਾਰੇ ਵਿਦਿਆਰਥੀਆਂ ਸਨਮੁੱਖ ਇੱਕੋ ਸਮੇਂ ਕੁਝ ਦੇਰ ਲਈ ਰੱਖਿਆ ਗਿਆ।

ਇਸ ਮੌਕੇ ਸਕੂਲ ਮੁਖੀ ਸ੍ਰੀ ਮਨੀਸ਼ ਮਹਿਤਾ ਸਮੇਤ ਸਕੂਲ ਅਧਿਆਪਕ ਬਿਕਰਮਜੀਤ ਸਿੰਘ, ਸ਼ੁਭਦੀਪ ਸਿੰਘ, ਗੁਰਦੇਵ ਸਿੰਘ, ਗੁਰਮੀਤ ਸਿੰਘ, ਪ੍ਰਦੀਪ ਵਰਮਾ, ਰਜਨਿੰਦਰ ਕੌਰ, ਸੁਖਵਿੰਦਰ ਕੌਰ, ਦੀਪਿਕਾ, ਰਜਨੀਸ਼, ਰਜਿੰਦਰ ਕੌਰ ਆਦਿ ਹਾਜ਼ਰ ਸਨ।

# ਸਰਕਾਰੀ ਸਕੂਲ 'ਚ ਲਾਏ ਬੂਟੇ

ਸਤਨਾਮ, ਲੋਪੋਕੇ

ਸਰਕਾਰੀ ਹਾਈ ਸਮਾਰਟ ਸਕੂਲ ਭੀਲੋਵਾਲ ਪੱਕਾ ਵਿਖੇ ਵਣ ਉਤਸਵ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਮੁਨੀਸ ਕੁਮਾਰ ਦੀ ਅਗਵਾਈ ਹੇਠ ਸਕੂਲ ਵਿਚ ਛਾਂਦਾਰ ਤੇ ਫਲਦਾਰ ਬੂਟੇ ਲਾਏ ਗਏ। ਇਸ ਮੌਕੇ ਮੁਨੀਸ਼ ਕੁਮਾਰ ਨੇ ਕਿਹਾ ਕਿ ਜਿਸ ਤਰ੍ਹਾਂ ਦਿਨੋਂ ਦਿਨ ਸਾਡਾ ਵਾਤਾਵਰਨ ਖਰਾਬ ਹੁੰਦਾ ਜਾ ਰਿਹਾ ਹੈ। ਉਸ ਦਾ ਕਾਰਨ ਹੈ ਕਿ ਦਿਨੋ ਦਿਨ ਹੋ ਰਹੀ ਰੁੱਖਾਂ ਦੀ ਕਟਾਈ ਹੈ ਤੇ ਜੇਕਰ ਰੁੱਖਾਂ ਦੀ ਕਟਾਈ ਹੁੰਦੀ ਰਹੀ ਤਾਂ ਇਸ ਦੇ ਗੰਭੀਰ ਨਤੀਜੇ ਸਾਨੂੰ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਸਾਨੂੰ ਚਾਹੀਦਾ ਹੈ ਕਿ ਅਸੀ ਇਕ ਰੁੱਖ ਹੱਥੀ ਲਗਾਈਏ।

ਇਸ ਮੌਕੇ ਬਿਕਰਮਜੀਤ ਸਿੰਘ, ਸੁਭਦੀਪ ਸਿੰਘ, ਗੁਰਜੀਤ ਸਿੰਘ, ਗੁਰਦੇਵ ਸਿੰਘ, ਲਖਬੀਰ ਸਿੰਘ, ਪ੍ਰਦੀਪ ਵਰਮਾ, ਰੈਨੂ ਬਾਲਾ, ਰਜਨਿੰਦਰ ਕੌਰ, ਜਲਵੀਰ ਕੌਰ, ਮੁਖਵਿੰਦਰ ਸਿੰਘ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।






ਸਰਕਾਰੀ ਹਾਈ ਸਮਾਰਟ ਸਕੂਲ ਭੀਲੋਵਾਲ ਪੱਕਾ ਵਿਖੇ ਵਣ ਮਹਾਂ ਉਤਸਵ ਦਿ ਸਕੂਲ ਵਿਚ ਛਾਂਦਾਰ ਤੇ ਫਲਦਾਰ ਬੂਟੇ ਲਗਾਉਣ ਮੌਕੇ ਮੁਨੀਸ਼ ਕੁ ਅਧਿਆਪਕ, ਬਿਕਰਮਜੀਤ ਸਿੰਘ, ਸ਼ੁੱਭਦੀਪ ਸਿੰਘ, ਗੁਰਜੀਤ ਸਿੰਘ, ਗੁਰਦੇ ਲਖਬੀਰ ਸਿੰਘ, ਪ੍ਰਦੀਪ ਵਰਮਾ, ਰੈਨੂ ਬਾਲਾ, ਰਜਨਿੰਦਰ ਕੌਰ, ਜਲਵੀ ਮੁਖਵਿੰਦਰ ਸਿੰਘ, ਗੁਰਮੀਤ ਸਿੰਘ ਤੇ ਹੋਰ। ਤਸਵੀਰ : ਗੁਰਵਿੰਦਰ ਸਿੰ

ਅਜੀਤ

02-Aug-2019
Page: 9

http://epaper.ajitjalandhar.com/edition/20190802/6/9



ਸਰਕਾਰੀ ਹਾਈ ਸਮਾਰਟ ਸਕੂਲ ਭੀਲੋਵਾਲ ਪੱਕਾ ਵਿਖੇ ਕਰਵਾਏ ਗਣਿਤ ਮੇਲੇ ਮੌਕੇ ਸਕੂਲ ਦੇ ਵਿਦਿਆਰਥੀਆਂ ਨਾਲ ਹਨ ਸ਼ਸ਼ੀ ਕੁਮਾਰ ਜਸਪ੍ਰੀਤ ਸਿੰਘ ਬੀ.ਐਮ, ਮੁਖ ਅਧਿਆਪਕ ਮੁਨੀਸ਼ ਕੁਮਾਰ, ਮੈਡਮ ਰਜਨੀਸ ਨਾਲ ਸਕੂਲ ਸਟਾਫ਼। ਤਸਵੀਰ: ਗੁਰਵਿੰਦਰ ਸਿੰਘ ਕਲਸਾਂ

CMYK ਅੰਮ੍ਰਿਤਸਰ-V-B


ਅਜੀਤ

13-Aug-2019
Page: 15

http://epaper.ajitjalandhar.com/edition/20190813/6/15.cms

# OUR STAFF

| Sno | Name | Designation | Present Subject |
|---|---|---|---|
| 1 | Sarbjit Kaur | Principal | All Subjects |
| 2 | Supinder Pal Kaur | Lecturer | Punjabi |
| 3 | Kabal Singh | Lecturer | Political science |
| 4 | Rajinder Singh | Lecturer | English |
| 5 | Munish Kumar | Master Cadre | Mathematics |
| 6 | Rajnish | Master Cadre | Mathematics |
| 7 | Seema | Master Cadre | Mathematics |
| 8 | Bikramjit Singh | Master Cadre | Social studies |
| 9 | Shivani Dhawan | Master Cadre | Social studies |
| 10 | Lakhvir Kaur | Master Cadre | English |
| 11 | Rupinder Kaur | Master Cadre | English |
| 12 | Jagmeet Kaur | Master Cadre | English |
| 13 | Amandeep Kaur | Master Cadre | Science |
| 14 | Mamta Deol | Master Cadre | Science |
| 15 | Satinder Kaur | Master Cadre | Science |
| 16 | Nirlep Kaur | Master Cadre | Hindi |
| 17 | Gurmeet Singh | Computer Faculty | Computer Science |
| 18 | Deepti Bedi | Computer Faculty | Computer Science |
| 19 | Gurjit Singh | SLA | |
| 20 | Rajinder Kaur | Clerk | |
| 21 | Lakhbir Singh | Peon | |




## <u>School Website</u>



## Teacher Fest Award Winner Block & District Level




**For Admission related Inquiry, Call us at Mobile Number:**

**(M) 9501526016 (M) 9855527275 (M) 8427599199**

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ

## ਭੀਲੋਵਾਲ ਪੱਕਾ (ਅੰਮ੍ਰਿਤਸਰ)

ਇਸ ਪਿੰਡ ਦੇ ਜੰਮਪਲ, ਇਸ ਸਕੂਲ ਵਿੱਚ ਪੜ੍ਹੇ ਅਤੇ ਇਥੋਂ ਦੇ ਹੋਣਹਾਰ ਵਿਦਿਆਰਥੀ ਰਹਿ ਚੁੱਕੇ ਪੰਜਾਬ ਦੇ ਮੋਜੂਦਾ ਮੈਡੀਕਲ ਸਿੱਖਿਆ ਮੰਤਰੀ

**ਸ੍ਰੀ ਓਮ ਪ੍ਰਕਾਸ਼ ਸੋਨੀ ਜੀ**

ਦੁਆਰਾ ਇਸ ਸਕੂਲ ਨੂੰ ਸਮਾਰਟ ਸਕੂਲ ਬਣਾਉਣ ਅਤੇ ਸੀਨੀਅਰ ਸੈਕੰਡਰੀ ਦਾ ਦਰਜਾ ਦਿਵਾਉਣ ਵਿੱਚ ਉਹਨਾਂ ਦੇ ਕੀਤੇ ਯਤਨਾਂ ਲਈ ਬਹੁਤ ਬਹੁਤ ਧੰਨਵਾਦ ਕੀਤਾ ਜਾਂਦਾ ਹੈ।



ਸ੍ਰੀ ਓਮ ਪ੍ਰਕਾਸ਼ ਸੋਨੀ (ਕੈਬਨਿਟ ਮੰਤਰੀ)

ਵੱਲੋਂ:- ਸਕੂਲ ਮੁਖੀ, ਸਮੂਹ ਸਟਾਫ ਅਤੇ ਵਿਦਿਆਰਥੀ





# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ

## ਭੀਲੋਵਾਲ ਪੱਕਾ (ਅੰਮ੍ਰਿਤਸਰ)

ਇਸ ਪਿੰਡ ਦੇ ਜੰਮਪਲ, ਇਸ ਸਕੂਲ ਵਿੱਚ ਪੜ੍ਹੇ ਅਤੇ ਇਥੋਂ ਦੇ ਹੋਣਹਾਰ ਵਿਦਿਆਰਥੀ ਰਹਿ ਚੁੱਕੇ ਪੰਜਾਬ ਦੇ ਮੋਜੂਦਾ ਮੈਡੀਕਲ ਸਿੱਖਿਆ ਮੰਤਰੀ

**ਸ੍ਰੀ ਓਮ ਪ੍ਰਕਾਸ਼ ਸੋਨੀ ਜੀ**

ਦੁਆਰਾ ਇਸ ਸਕੂਲ ਨੂੰ ਸਮਾਰਟ ਸਕੂਲ ਬਣਾਉਣ ਅਤੇ ਸੀਨੀਅਰ ਸੈਕੰਡਰੀ ਦਾ ਦਰਜਾ ਦਿਵਾਉਣ ਵਿੱਚ ਉਹਨਾਂ ਦੇ ਕੀਤੇ ਯਤਨਾਂ ਲਈ ਬਹੁਤ ਬਹੁਤ ਧੰਨਵਾਦ ਕੀਤਾ ਜਾਂਦਾ ਹੈ।




ਸ੍ਰੀ ਓਮ ਪ੍ਰਕਾਸ਼ ਸੋਨੀ (ਕੈਬਨਿਟ ਮੰਤਰੀ)

ਵੱਲੋਂ:- ਸਕੂਲ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਅਤੇ ਸਮੂਹ ਮੈਂਬਰਜ ਅਤੇ ਸਮੂਹ ਪਿੰਡ ਵਾਸੀ